**ਪੰਜਾਬ ਵਿਧਾਨ ਸਭਾ ਸਕੱਤਰੇਤ**
**ਬੁੱਧਵਾਰ, ਮਿਤੀ 29 ਨਵੰਬਰ, 2017 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ**
**ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।**

**ਅਹਿਮਦਗੜ੍ਹ ਅਤੇ ਅਮਰਗੜ੍ਹ ਵਿਖੇ ਸਮੂਹਿਕ ਸਿਹਤ ਕੇਂਦਰਾਂ ਨੂੰ ਸਿਵਲ ਹਸਪਤਾਲ ਦੇ ਪੱਧਰ ਤੇ ਅਪਗ੍ਰੇਡ ਕਰਨਾ**

***635. ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-
**ੳ)** ਕੀ ਸਰਕਾਰ ਅਹਿਮਦਗੜ੍ਹ ਅਤੇ ਅਮਰਗੜ੍ਹ ਵਿਖੇ ਸਮੂਹਿਕ ਸਿਹਤ ਕੇਂਦਰਾਂ ਨੂੰ ਸਿਵਲ ਹਸਪਤਾਲਾਂ ਦੇ ਪੱਧਰ ਤੱਕ ਅਪਗ੍ਰੇਡ ਕਰਨ ਬਾਰੇ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ;
**ਅ)** ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਨਾ ਵਿਚ ਹੋਵੇ ਤਾਂ ਇਸਦੇ ਕਾਰਣ ਕੀ ਹਨ?

**ਰਾਜ ਵਿਚ ਮਿਊਂਸਪਲ ਕਾਰਪੋਰੇਸ਼ਨਾਂ/ਕਮੇਟੀਆਂ ਨੂੰ ਅਲਾਟ ਕੀਤੀਆਂ ਅੱਗ ਬੁਝਾਊ ਗੱਡੀਆਂ ਦੀ ਵਰਤੋਂ**

***586. ਸ਼੍ਰੀ ਐਨ.ਕੇ. ਸ਼ਰਮਾ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-
**ੳ)** ਰਾਜ ਵਿਚ ਅਪ੍ਰੈਲ, 2017 ਤੋਂ ਹੁਣ ਤੱਕ ਕਿਹੜੀਆਂ-2 ਮਿਊਂਸਪਲ ਕਾਰਪੋਰੇਸ਼ਨਾਂ/ਕਮੇਟੀਆਂ ਨੂੰ ਅੱਗ ਬੁਝਾਊ ਗੱਡੀਆਂ ਅਲਾਟ ਕੀਤੀਆਂ ਗਈਆਂ ਹਨ ਅਤੇ ਅਜਿਹੀਆਂ ਕਾਰਪੋਰੇਸ਼ਨਾਂ/ਕਮੇਟੀਆਂ ਵਿੱਚ ਇਨ੍ਹਾਂ ਗੱਡੀਆਂ ਨੂੰ ਵਰਤਣ ਵਾਲੇ ਲੋੜੀਂਦੇ ਅਮਲੇ ਦੇ ਵੇਰਵੇ ਕੀ ਹਨ;
**ਅ)** ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਇਹ ਅੱਗ ਬੁਝਾਊ ਗੱਡੀਆਂ ਸਬੰਧਤ ਕਾਰਪੋਰੇਸ਼ਨਾਂ/ਕਮੇਟੀਆਂ ਵੱਲੋਂ ਠੀਕ ਢੰਗ ਨਾਲ ਵਰਤੋਂ ਵਿੱਚ ਲਿਆਂਦੀਆਂ ਜਾ ਰਹੀਆਂ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਭੁਨਰਹੇੜੀ ਬੀੜ ਦੀ ਟੁੱਟੀ ਫੈਂਸਿੰਗ ਦੀ ਰਿਪੇਅਰ ਕਰਨਾ**

***648. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.:-** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਭੁਨਰਹੇੜੀ ਬੀੜ (ਜ਼ਿਲ੍ਹਾ ਪਟਿਆਲਾ) ਦੀ ਟੁੱਟੀ ਪਈ ਫੈਂਸਿੰਗ ਦੀ ਰਿਪੇਅਰ ਕਰਨ ਲਈ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਰਿਪੇਅਰ ਕਰ ਦਿੱਤੀ ਜਾਵੇਗੀ?

**ਬੀ.ਪੀ.ਐਲ. ਪਰਿਵਾਰਾਂ ਦੀ ਪਛਾਣ ਲਈ ਸਰਵੇਖਣ**

***637. ਡਾ. ਧਰਮਬੀਰ ਅਗਨੀਹੋਤਰੀ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-
**ੳ)** ਕੀ ਇਹ ਠੀਕ ਹੈ ਕਿ ਰਾਜ ਵਿਚ ਬੀ.ਪੀ.ਐਲ. ਪਰਿਵਾਰਾਂ ਦੀ ਪਛਾਣ ਕਰਨ ਲਈ ਆਖਰੀ ਵਾਰ 2011 ਵਿਚ ਸਰਵੇਖਣ ਕਰਵਾਏ ਗਏ ਸਨ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਅਜਿਹੇ ਪਰਿਵਾਰਾਂ ਲਈ ਤਾਜਾਂ ਸਰਵੇਖਣ ਕਰਵਾਉਣ ਲਈ ਵਿਚਾਰ ਕਰੇਗੀ;
**ਅ)** ਉਪਰੋਕਤ ਦੱਸੇ ਸਰਵੇਖਣ ਦੁਬਾਰਾ ਕਦੋਂ ਤੱਕ ਕਰਵਾਏ ਜਾਣ ਦੀ ਸੰਭਾਵਨਾ ਹੈ?

**ਸਤਲੁਜ਼ ਦਰਿਆ ਤੇ ਬਣੇ ਧੁੱਸੀ ਬੰਧ ਦੀ ਰਿਪੇਅਰ**

***673. ਸਰਦਾਰ ਅਜੀਤ ਸਿੰਘ ਕੋਹਾੜ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਤਲੁਜ਼ ਦਰਿਆ ਤੇ ਜ਼ਿਲ੍ਹਾ ਜਲੰਧਰ ਵਿੱਚ ਗਿੱਦੜ ਪਿੰਡੀ ਤੋਂ ਫ਼ਲੌਰ ਤੱਕ ਧੁਸੀ ਬੰਧ ਦੀ ਬਹੁਤ ਖਸਤਾ ਹਾਲਤ ਹੋਣ ਕਰਕੇ ਇਸ ਦੀ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਨਿਆੜੀ, ਜਿਲ੍ਹਾ ਪਠਾਨਕੋਟ ਵਿਖੇ ਆਈ.ਟੀ.ਆਈ. ਕਾਲਜ ਸ਼ੁਰੂ ਕਰਨਾ**

***709. ਸ਼੍ਰੀ ਦਿਨੇਸ਼ ਸਿੰਘ, ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-
**ੳ)** ਜਿਹੜਾ ਆਈ.ਟੀ.ਆਈ. ਕਾਲਜ ਨਿਆੜੀ, ਬਲਾਕ ਧਾਰਕਲਾਂ, ਜ਼ਿਲ੍ਹਾ ਪਠਾਨਕੋਟ ਵਿਖੇ ਅਲਾਟ ਕੀਤਾ ਗਿਆ ਸੀ, ਉਸਨੂੰ ਅਜੇ ਤੱਕ ਸ਼ੁਰੂ ਕਿਉਂ ਨਹੀਂ ਕੀਤਾ ਗਿਆ;
**ਅ)** ਇਸ ਸਬੰਧੀ ਪੰਜਾਬ ਸਰਕਾਰ/ਮਹਿਕਮੇ ਵੱਲੋਂ ਕੀ ਕਾਰਵਾਈ ਕੀਤੀ ਗਈ ਅਤੇ ਕਿੰਨੇ ਫੰਡਾਂ ਦਾ ਉਪਬੰਧ ਕੀਤਾ ਗਿਆ ਹੈ?

**ਹਲਕਾ ਅਬੋਹਰ ਦੇ ਸੀਨੀਅਰ ਸੈਕੰਡਰੀ ਸਕੂਲ ਵਿਚ ਅਧਿਆਪਕਾਂ ਦੀ ਨਿਯੁਕਤੀ**

***581. ਸ਼੍ਰੀ ਅਰੁਣ ਨਾਰੰਗ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਅਬੋਹਰ ਵਿੱਚ ਪੈਂਦੇ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ, ਦੀਵਾਨ ਖੇੜਾ ਵਿੱਚ ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਬੱਚਿਆਂ ਨੂੰ ਪੜ੍ਹਾਉਂਣ ਲਈ ਸਬੰਧਤ ਵਿਭਾਗ ਵੱਲੋਂ ਕੋਈ ਵੀ ਸਰਕਾਰੀ ਟੀਚਰ ਮੁਹੱਈਆ ਨਾ ਕਰਵਾਉਣ ਕਾਰਨ ਪਿੰਡ ਦੇ ਲੋਕਾਂ ਨੇ ਆਪਣੇ ਪੱਧਰ ਤੇ ਪੈਸੇ ਇਕੱਠੇ ਕਰਕੇ ਬੱਚਿਆ ਨੂੰ ਪੜ੍ਹਾਉਂਣ ਲਈ ਪ੍ਰਾਈਵੇਟ ਅਧਿਆਪਕ ਰੱਖੇ ਹੋਏ ਹਨ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕੀ ਕਾਰਨ ਹਨ ਅਤੇ ਇੱਥੇ ਸਰਕਾਰ ਵਲੋਂ ਰੈਗੂਲਰ ਤੌਰ ਤੇ ਟੀਚਰ ਕਦੋਂ ਤੱਕ ਭੇਜ ਦਿੱਤੇ ਜਾਣਗੇ?

**ਟੋਲ ਪਲਾਜਾ ਦੇ ਲਾਗਲੇ ਪਿੰਡਾਂ ਨੂੰ ਟੋਲ ਤੋਂ ਛੋਟ ਦੇਣਾ**

***555. ਸਰਦਾਰ ਕੰਵਰ ਸੰਧੂ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-
ੳ) ਕੀ ਚੰਡੀਗੜ੍ਹ-ਸਿਸਵਾਂ-ਕੁਰਾਲੀ ਰੋਡ ਜਿਹੜਾ ਕਿ ਨਾ ਤਾਂ ਰਾਜ ਮਾਰਗ ਅਤੇ ਨਾ ਹੀ ਰਾਸ਼ਟਰੀ ਮਾਰਗ ਹੈ, ਉੱਤੇ ਬੜੌਦੀ ਵਿਖੇ ਟੋਲ ਪਲਾਜਾ ਲਗਾਉਣਾ ਕਾਨੂੰਨੀ ਤੌਰ ਤੇ ਜਾਇਜ਼ ਹੈ ਜਿਥੇ ਖੇਤਰ ਦੇ ਲੋਕਾਂ ਨੂੰ ਬਿਨਾਂ ਟੋਲ ਟੈਕਸ ਅਦਾ ਕੀਤਿਆਂ ਬਦਲਵੀਂ ਸੜਕ ਦੀ ਸਹੂਲਤ ਨਾ ਹੋਵੇ;
ਅ) ਕੀ ਇਹ ਵੀ ਠੀਕ ਹੈ ਕਿ ਚੰਡੀਗੜ੍ਹ-ਸਿਸਵਾਂ-ਕੁਰਾਲੀ ਰੋਡ ਮੁੱਖ ਤੌਰ ਤੇ ਚੰਡੀਗੜ੍ਹ, ਮੁੱਲਾਂਪੁਰ ਦੇ ਲੋਕਾਂ ਨੂੰ ਕੁਰਾਲੀ ਰੋਪੜ-ਜਲੰਧਰ ਆਦਿ ਲਈ ਜਲਦੀ ਸਫਰ ਤੈਅ ਕਰਨ ਦੀ ਸਹੂਲਤ ਲਈ ਬਣਾਇਆ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਮਾਜਰੀ ਬਲਾਕ ਦੇ ਸਾਰੇ ਪਿੰਡਾਂ ਨੂੰ ਟੋਲ ਟੈਕਸ ਤੋਂ ਛੋਟ ਦੇਣ ਲਈ ਵਿਚਾਰ ਕਰੇਗੀ ਜੋ ਆਪਣੇ ਵਾਹਨਾਂ ਰਾਂਹੀ ਬੜੌਦੀ ਟੋਲ ਬੈਰੀਅਰ ਤੋਂ ਲੰਘਦੇ ਹਨ?

**ਪਸ਼ੂ ਚਕਿਤਸਾ ਹਸਪਤਾਲਾਂ ਵਿਚ ਵਧੀਆਂ ਸਹੂਲਤਾਂ/ਦਵਾਈਆਂ ਉਪਲੱਬਧ ਕਰਵਾਉਣ**

***641. ਡਾ. ਧਰਮਬੀਰ ਅਗਨੀਹੋਤਰੀ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-
**ੳ)** ਕੀ ਪਸ਼ੂਆਂ (ਜਾਨਵਰਾਂ) ਦੇ ਇਲਾਜ ਲਈ ਪਸ਼ੂ ਚਕਿਤਸਾ ਹਸਪਤਾਲਾਂ ਵਿਚ ਜਰੂਰੀ ਅਤੇ ਐਮਰਜੈਂਸੀ ਦਵਾਈਆਂ ਜਿਵੇਂ ਰੋਗਾਣੂਨਾਸ਼ਕ ਦਵਾਈ, ਇੰਜੈਕਟੇਬਲ ਟੀ.ਕੇ., ਐਨਾਲਜਿਕ ਆਦਿ ਦਵਾਈਆਂ ਉਪਲਬਧ ਹੁੰਦੀਆਂ ਹਨ;
**ਅ)** ਕੀ ਸਰਕਾਰ ਜਾਨਵਰਾਂ ਦੇ ਇਲਾਜ ਲਈ ਵਧੀਆਂ ਸਹੂਲਤਾਂ/ਦਵਾਈਆਂ ਉਪਲਬਧ ਕਰਵਾਉਣ ਵਾਸਤੇ ਰਾਜ ਵਿਚਲੇ ਪਸ਼ੂ ਚਕਿਤਸਾ ਹਸਪਤਾਲਾਂ ਦੇ ਬਜਟ ਵਿਚ ਵਾਧਾ ਕਰੇਗੀ?

.... ਪਰਤੋਂ ਜੀ

**ਢਿਲਵਾਂ ਨਗਰ ਪੰਚਾਇਤ ਵਿਚ ਸੀਵਰੇਜ਼ ਲਈ ਸਟੇਸ਼ਨ ਫਾਰ ਟ੍ਰੀਟਮੈਂਟ ਪਲਾਂਟ ਬਣਾਉਣਾ**

***611. ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਢਿਲਵਾਂ ਨਗਰ ਪੰਚਾਇਤ ਵਿਚ ਸੀਵਰੇਜ਼ ਪਾਇਆ ਹੋਇਆ ਹੈ ਅਤੇ ਸੀਵਰੇਜ਼ ਦਾ ਗੰਦਾ ਪਾਣੀ ਪਾਉਣ ਲਈ ਕੋਈ ਐਸ.ਟੀ.ਪੀ. ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਸੀਵਰੇਜ਼ ਲਈ ਸਟੇਸ਼ਨ ਫਾਰ ਟ੍ਰੀਟਮੈਂਟ ਪਲਾਂਟ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ ਅਤੇ ਇਸ ਤੇ ਸੰਭਾਵਿਤ ਕਿੰਨਾਂ ਖਰਚਾ ਆਉਣ ਦਾ ਅਨੁਮਾਨ ਹੈ?

**ਸ਼ਗਨ ਸਕੀਮ**

***655. ਸਰਦਾਰ ਬਲਦੇਵ ਸਿੰਘ, ਐਮ.ਐਲ.ਏ.:-** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਵਿਚ 16/3/2017 ਤੋਂ 31/10/2017 ਤੱਕ ਦੇ ਸਮੇਂ ਵਿਚ ਸ਼ਗਨ ਸਕੀਮ ਦੀ ਕੋਈ ਰਾਸ਼ੀ ਵੰਡੀ ਗਈ ਹੈ; ਜੇਕਰ ਵੰਡੀ ਗਈ ਤਾਂ ਉਸ ਦਾ ਜ਼ਿਲ੍ਹਾ-ਵਾਰ ਵੇਰਵਾ ਕੀ ਹੈ?

**ਪੰਚਾਇਤੀ ਰਾਜ ਸੰਸਥਾਵਾਂ ਅਧੀਨ ਕੰਮ ਕਰਦੇ ਮੁਲਾਜਮਾਂ ਨੂੰ ਪੈਨਸ਼ਨ ਦੇਣਾ**

***644. ਸ਼੍ਰੀ ਜੈ ਕ੍ਰਿਸ਼ਨ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਚਾਇਤੀ ਰਾਜ ਸੰਸਥਾਵਾਂ ਅਧੀਨ ਕੰਮ ਕਰਦੇ ਮੁਲਾਜਮਾਂ ਨੂੰ ਸੇਵਾ ਮੁਕਤੀ ਉਪਰੰਤ ਕੋਈ ਪੈਨਸ਼ਨ ਦਿੱਤੀ ਜਾਂਦੀ ਹੈ; ਜੇਕਰ ਨਹੀਂ ਦਿੱਤੀ ਜਾਂਦੀ ਤਾਂ ਕੀ ਉਹਨਾਂ ਨੂੰ ਪੈਨਸ਼ਨ ਦੇਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ?

**ਪਰਾਲੀ ਨਾਲ ਸਬੰਧਤ ਉਦਯੋਗਾਂ ਤੇ ਇੰਸੈਟਿਵ**

***689. ਸਰਦਾਰ ਗੁਰਕੀਰਤ ਸਿੰਘ, ਐਮ.ਐਲ.ਏ.:-** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਝੋਨੇ ਅਤੇ ਕਣਕ ਦੀ ਪਰਾਲੀ ਨਾਲ ਸਬੰਧਤ ਉਦਯੋਗ ਲਗਾਉਣ ਲਈ ਸਰਕਾਰ ਵੱਲੋਂ ਕੀ ਇੰਸੈਟਿਵ ਦਿੱਤੇ ਜਾ ਰਹੇ ਹਨ?

**ਜ਼ਿਲ੍ਹਾ ਸੰਗਰੂਰ ਦੇ ਸਕੂਲਾਂ ਦਾ ਨਵਨਿਰਮਾਣ ਕਰਨਾ**

***700. ਸਰਦਾਰ ਹਰਪਾਲ ਸਿੰਘ ਚੀਮਾ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਸੰਗਰੂਰ ਅੰਦਰ ਕਈ ਪ੍ਰਾਇਮਰੀ ਅਤੇ ਹਾਈ ਸਕੂਲ ਅਨਸੇਫ (ਨਾ ਬੈਠਣ ਯੋਗ) ਹਨ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਦਾ ਕਦੋਂ ਤੱਕ ਨਵਨਿਰਮਾਣ ਕਰ ਦਿੱਤਾ ਜਾਵੇਗਾ?

**ਸ਼੍ਰੀ ਮੁਕਤਸਰ ਸਾਹਿਬ ਵਿਖੇ ਰੇਲਵੇ ਓਵਰ ਬ੍ਰਿਜ ਬਣਾਉਣਾ**

***562. ਸਰਦਾਰ ਕੰਵਰਜੀਤ ਸਿੰਘ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ਼੍ਰੀ ਮੁਕਤਸਰ ਸਾਹਿਬ ਵਿਖੇ ਰੇਲਵੇ ਓਵਰ ਬ੍ਰਿਜ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੀ ਅਜੋਕੀ ਸਥਿਤੀ ਕੀ ਹੈ?

**ਖੇਤੀਬਾੜੀ ਨੀਤੀ ਬਣਾਉਣਾ**

***710. ਸਰਦਾਰ ਪਰਮਿੰਦਰ ਸਿੰਘ ਪਿੰਕੀ,:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਸਰਕਾਰ ਖੇਤੀਬਾੜੀ ਨੂੰ ਉਤਸ਼ਾਹਿਤ ਕਰਨ ਲਈ ਖੇਤੀਬਾੜੀ ਨੀਤੀ ਬਣਾਉਣ ਦਾ ਵਿਚਾਰ ਰੱਖਦੀ ਹੈ;

**ਅ)** ਜੇਕਰ ਉਪਰੋਕਤ ਭਾਗ (ੳ) ਦਾ ਜਵਾਬ ਹਾਂ ਵਿੱਚ ਹੋਵੇ ਤਾਂ ਇਹ ਖੇਤੀਬਾੜੀ ਨੀਤੀ ਕਦੋਂ ਤੱਕ ਬਣਾ ਦਿੱਤੀ ਜਾਵੇਗੀ?

**ਅਹਿਮਦਗੜ੍ਹ (ਸੰਗਰੂਰ) ਵਿਖੇ ਸੀਵਰੇਜ਼ ਟ੍ਰੀਟਮੈਂਟ ਪਲਾਂਟ ਨੂੰ ਚਾਲੂ ਕਰਨਾ**

***632. ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਅਹਿਮਦਗੜ੍ਹ (ਸੰਗਰੂਰ) ਵਿਖੇ ਸੀਵਰੇਜ਼ ਟ੍ਰੀਟਮੈਂਟ ਪਲਾਂਟ ਦੀ ਉਸਾਰੀ ਦੀ ਮੌਜੂਦਾ ਸਥਿਤੀ ਕੀ ਹੈ;

**ਅ)** ਉਕਤ ਪ੍ਰਾਜੈਕਟ ਦੀ ਅਨੁਮਾਨਿਤ ਲਾਗਤ ਕਿੰਨੀ ਹੈ ਅਤੇ ਇਸ ਕੰਮ ਲਈ ਹੁਣ ਤੱਕ ਜਾਰੀ ਕੀਤੇ ਗਏ ਫੰਡਾਂ ਦੇ ਵੇਰਵੇ ਕੀ ਹਨ;

**ੲ)** ਸੀਵਰੇਜ਼ ਟ੍ਰੀਟਮੈਂਟ ਪਲਾਂਟ ਨੂੰ ਮੁਕੰਮਲ ਕਰਨ ਅਤੇ ਚਾਲੂ ਕਰਨ ਵਿਚ ਕਿੰਨਾਂ ਸਮਾਂ ਲੱਗਣ ਦੀ ਸੰਭਾਵਨਾ ਹੈ?

**ਰਈਆ ਵਿਖੇ ਜੀ.ਟੀ. ਰੋਡ ਦੇ ਥੱਲਿਓ ਦੀ ਫੇਰੂ ਮਾਨ ਨੂੰ ਜਾਣ ਲਈ ਸੜਕ ਲਈ ਜੀ.ਟੀ. ਰੋਡ ਤੇ ਅੰਡਰ ਬ੍ਰਿਜ ਬਣਾਉਣਾ**

***584. ਸਰਦਾਰ ਸਤੋਖ ਸਿੰਘ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਈਆ (ਤਹਿਸੀਲ ਬਾਬਾ ਬਕਾਲਾ) ਵਿਖੇ ਜੀ.ਟੀ.ਰੋਡ ਦੇ ਥੱਲਿਓ ਦੀ ਪਿੰਡ ਫੇਰੂਮਾਨ ਨੂੰ ਜਾਣ ਵਾਲੀ ਸੜਕ ਲਈ ਜੀ.ਟੀ. ਰੋਡ ਦੇ ਹੇਠਾਂ ਵਾਲਾ ਰਸਤਾ ਬਹੁਤ ਤੰਗ ਹੈ ਜਿਸ ਕਰਕੇ ਉੱਥੇ ਹਰ ਵੇਲੇ ਜਾਮ ਲੱਗਾ ਰਹਿੰਦਾ ਹੈ ਅਤੇ ਬਹੁਤ ਬਾਰੇ ਪਿੰਡਾਂ ਨੂੰ ਆਉਣ-ਜਾਣ ਵਾਸਤੇ ਬੜੀ ਅਸੁਵਿਧਾ ਰਹਿੰਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਅੰਡਰ ਬ੍ਰਿਜ ਨੂੰ ਚੌੜਾ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ?

**ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਰਾਜ ਪੱਧਰ ਤੇ ਮਨਾਉਣ ਸਬੰਧੀ**

***711. ਸਰਦਾਰ ਪਰਮਿੰਦਰ ਸਿੰਘ ਪਿੰਕੀ,:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਦਾਰ ਭਗਤ ਸਿੰਘ ਦੀ ਮਹਾਨ ਸ਼ਹਾਦਤ ਨੂੰ ਦੇਖਦੇ ਹੋਏ, ਕੀ ਸਰਕਾਰ ਉਨ੍ਹਾਂ ਦੇ ਜਨਮ ਦਿਵਸ ਨੂੰ ਰਾਜ ਪੱਧਰ ਤੇ ਮਨਾਉਣ ਦਾ ਵਿਚਾਰ ਰੱਖਦੀ ਹੈ?

**ਰੋਪੜ ਨੂਰਪੁਰ ਬੇਦੀ-ਕਾਨਪੁਰ ਖੂਹੀ ਸੜਕ ਦੀ ਰੀਕਾਰਪੈਟਿੰਗ ਕਰਨਾ**

***679. ਸਰਦਾਰ ਅਮਰਜੀਤ ਸਿੰਘ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਰੋਪੜ ਤੋਂ ਨੂਰਪੁਰ ਬੇਦੀ ਅਤੇ ਨੂਰਪੁਰ ਬੇਦੀ ਤੋਂ ਕਾਨੁਪੁਰ ਖੂਹੀ ਸੜਕ ਬਿਲਕੁੱਲ ਟੁੱਟੀ ਹੋਈ ਹੈ ਅਤੇ ਆਉਣ-ਜਾਣ ਵਾਲੇ ਲੋਕਾਂ ਨੂੰ ਬਹੁਤ ਮੁਸ਼ਕਿਲ ਆਉਂਦੀ ਹੈ;

**ਅ)** ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿਚ ਹੈ ਤਾਂ ਕੀ ਇਸ ਸੜਕ ਦੀ ਰੀਕਾਰਪੈਟਿੰਗ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਚੰਡੀਗੜ੍ਹ**
**ਮਿਤੀ 28 ਨਵੰਬਰ, 2017**

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।